## ਤਤਕਰਾ


| | |
|---|---|
| ਪੀੜਤਾਂ ਲਈ ਸਮਰਥਨ | 1 |
| ਸੋਗ ਦੇ ਸਮੇਂ ਲਈ ਸਹਾਇਤਾ ਸੰਸਥਾਵਾਂ | 5 |
| ਸਵੈ-ਸਹਾਇਤਾ ਗਰੁਪ | 6 |
| ਕਾਨੂੰਨੀ, ਲਾਭ ਸਹਾਇਤਾ ਅਤੇ ਹੋਰ ਸਲਾਹ | 8 |
| ਮੁਆਵਜ਼ਾ | 10 |

## ਪੀੜਤਾਂ ਲਈ ਸਹਾਇਤਾ

### ਵਿਕਟਮ ਸਪੋਰਟ ਸਕਾਟਲੈਂਡ **(Victim Support Scotland)**

ਵਿਕਟਮ ਸਪੋਰਟ ਸਕਾਟਲੈਂਡ (VSS) ਇਕ ਸੁਤੰਤਰ ਅਤੇ ਸਵੈ-ਇਛਕ ਸੰਸਥਾ ਹੈ, ਜੋ ਅਪਰਾਧਾਂ ਤੋਂ ਪ੍ਰਭਾਵਤ ਵਿਅਕਤੀਆਂ ਨੂੰ ਭਾਵਾਤਮਕ ਅਤੇ ਵਿਹਾਰਕ ਸਮਰਥਨ, ਸੂਚਨਾ ਅਤੇ ਵਿਹਾਰਕ ਮਦਦ ਪ੍ਰਦਾਨ ਕਰਦੀ ਹੈ। VSS ਸਾਰੀਆਂ ਸਕਾਟਿਸ਼ ਕਮਿਊਨਿਟੀਆਂ ਵਿਚ ਮੌਜੂਦ ਹੈ।

VSS ਤੁਹਾਡੀ ਸਹਾਇਤਾ ਕਰ ਸਕਦੀ ਹੈ, ਭਾਵੇਂ ਤੁਸੀਂ ਅਪਰਾਧ ਦੀ ਰਿਪੋਰਟ ਪੁਲੀਸ ਕੋਲ ਕੀਤੀ ਹੋਵੇ ਜਾਂ ਨਾਂਹ।

ਵਿਕਟਿਮ ਸਪੋਰਟ ਸਕਾਟਲੈਂਡ ਹੈਲਪਲਾਈਨ: 0845 60 39 213 (ਹਫ਼ਤੇ ਦੇ ਦਿਨਾਂ 'ਤੇ ਸਵੇਰੇ 8.30 ਤੋਂ ਸ਼ਾਮ 4.30 ਤਕ)

ਯੂ.ਕੇ. ਵਿਕਟਿਮ ਸਪੋਰਟਲਾਈਨ (UK Victim Supportline): 0845 30 30 900

(ਹਫ਼ਤੇ ਦੇ ਦਿਨਾਂ 'ਤੇ ਸਵੇਰੇ 9 ਤੋਂ ਰਾਤ 9 ਵਜੇ ਤਕ; ਹਫ਼ਤੇ ਦੇ ਆਖ਼ਰੀ ਦਿਨਾਂ 'ਤੇ ਸਵੇਰੇ 9 ਤੋਂ ਸ਼ਾਮ 7 ਤਕ)

ਵੈਬਸਾਈਟ: www.victimsupportsco.demon.co.uk

ਈਮੇਲ: info@victimsupportsco.demon.co.uk

## ਗਵਾਹ ਸੇਵਾ (ਵਿਟਨੈਸ ਸਰਵਿਸ)

ਵੀਐਸਐਸ (VSS) ਵਲੋਂ ਚਲਾਈ ਜਾਂਦੀ ਇਹ ਅਦਾਲਤ-ਆਧਾਰਤ ਸੇਵਾ ਵਾਲੰਟੀਅਰਾਂ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ। ਇਹ ਅਦਾਲਤ ਵਿਚ ਹਾਜ਼ਰ ਹੋਣ ਵਾਲੇ ਸਾਰੇ ਗਵਾਹਾਂ ਨੂੰ ਭਾਵਾਤਮਕ ਅਤੇ ਵਿਹਾਰਕ ਸਮਰਥਨ ਮੁਹੱਈਆ ਕਰਦੀ ਹੈ, ਜਿਨ੍ਹਾਂ ਵਿਚ ਸ਼ਾਮਲ ਹਨ:

- ਅਦਾਲਤ ਦੇ ਕਮਰੇ ਦੀਆਂ ਅਗਾਊ ਫੇਰੀਆਂ
- ਅਦਾਲਤ ਦੇ ਸ਼ਿਸ਼ਟਾਚਾਰ (ਅਦਾਲਤ ਵਿਚ ਕਿਸਤਰ੍ਹਾਂ, ਦਾ ਵਿਵਹਾਰ ਹੋਣਾ ਚਾਹੀਦਾ ਹੈ), ਕਾਰਜ ਵਿਧੀ ਅਤੇ ਅਮਲੇ ਸੰਬੰਧੀ ਜਾਣਕਾਰੀ
- ਅਦਾਲਤ ਵਿਚ ਹਾਜ਼ਰ ਹੋਣ ਤੋਂ ਪੈਦਾ ਹੋ ਸਕਣ ਵਾਲੀ ਚਿੰਤਾ ਦੀ ਹਾਲਤ ਵਿਚ ਭਾਵਾਤਮਕ ਸਮਰਥਨ
- ਜੇ ਮੁਲਜ਼ਿਮ ਦੇ ਸਾਥੀਆਂ ਨਾਲ ਸੰਪਰਕ ਹੋਣ ਦੀ ਪਰੇਸ਼ਾਨੀ ਹੋਵੇ ਤਾਂ ਵਖਰੇ ਵੇਟਿੰਗ ਰੂਮ ਲਈ ਪ੍ਰਬੰਧ
- ਮੋਟਰ ਗਡੀਆਂ ਖੜ੍ਹੀਆਂ ਕਰਨ ਅਤੇ ਖ਼ਰਚੇ ਜਹੇ ਵਿਹਾਰਕ ਮਾਮਲਿਆਂ ਸੰਬੰਧੀ ਸਲਾਹ
- ਮੁਕੱਦਮੇ ਤੋਂ ਬਾਅਦ ਲੋੜਾਂ ਦਾ ਜਾਇਜ਼ਾ, ਜਿਨ੍ਹਾਂ ਵਿਚ ਜ਼ਰੂਰਤ ਪੈਣ 'ਤੇ ਹੋਰ ਏਜੰਸੀਆਂ ਕੋਲ ਭੇਜਣਾ ਸ਼ਾਮਲ ਹੈ।

## ਪੀੜਤਾਂ ਲਈ ਸੂਚਨਾ ਅਤੇ ਸਲਾਹ ਬਾਰੇ ਦਫ਼ਤਰ (ਵੀਆਈਏ) **[Victim Information and Advice Office (VIA)]**

ਵੀਆਈਏ ਤੁਹਾਨੂੰ ਦੇ ਸਕਦਾ ਹੈ:

- ਕਿਸੇ ਖ਼ਾਸ ਕੇਸ ਬਾਰੇ ਸੂਚਨਾ
- ਅਪਰਾਧਕ ਨਿਆਂ ਪ੍ਰਣਾਲੀ ਬਾਰੇ ਆਮ ਸੂਚਨਾ
- ਸਮਰਥਨ ਅਤੇ ਤੁਹਾਨੂੰ ਅਜਿਹੀਆਂ ਵਾਲੰਟਰੀ ਸੰਸਥਾਵਾਂ ਕੋਲ ਭੇਜਣਾ ਜੋ ਤੁਹਾਡੀ ਮਦਦ ਕਰ ਸਕਦੀਆਂ ਹੋਣ।

ਵੀਆਈਏ, ਕਰਾਉਨ ਆਫ਼ਿਸ (Crown Office) ਅਤੇ ਪ੍ਰੋਕਿਉਰੇਟਰ ਫ਼ਿਸਕਲ ਸਰਵਿਸ (Procurator Fiscal Service) ਵਲੋਂ ਚਲਾਇਆ ਜਾਂਦਾ ਹੈ। ਤੁਹਾਡੇ ਸਥਾਨਕ ਪ੍ਰੋਕਿਉਰੇਟਰ ਫ਼ਿਸਕਲ ਦਾ ਦਫ਼ਤਰ ਤੁਹਾਡਾ ਸਥਾਨਕ ਵੀਆਈਏ ਦਫ਼ਤਰ ਨਾਲ ਸੰਪਰਕ ਕਰਵਾ ਸਕਦਾ ਹੈ। ਤੁਹਾਨੂੰ ਆਪਣੇ ਸਥਾਨਕ ਪ੍ਰੋਕਿਉਰੇਟਰ ਫ਼ਿਸਕਲ ਦੇ ਦਫ਼ਤਰ ਦਾ ਪਤਾ ਅਤੇ ਫ਼ੋਨ ਨੰਬਰ ਫ਼ੋਨ ਪੁਸਤਕ ਵਿਚ ਮਿਲ ਸਕਦਾ ਹੈ।

## ਸਕਾਟਿਸ਼ ਇਸਤਰੀਆਂ ਦੀ ਸਹਾਇਤਾ **(Scottish Women's Aid)**

ਜੇ ਤੁਹਾਡਾ ਕਿਸੇ ਪੁਰਸ਼ ਸਾਥੀ ਜਾਂ ਸਾਬਕ ਸਾਥੀ ਵਲੋਂ ਸਰੀਰਕ, ਭਾਵਾਤਮਕ ਜਾਂ ਲਿੰਗਕ ਤੌਰ 'ਤੇ ਸ਼ੋਸ਼ਣ ਕੀਤਾ ਗਿਆ ਹੋਵੇ, ਤਾਂ Women's Aid ਵਲੋਂ ਤੁਹਾਨੂੰ ਜ਼ਰੂਰੀ ਸੂਚਨਾ, ਸਮਰਥਨ ਅਤੇ ਸੁਰੱਖਿਅਤ ਟਿਕਾਣਾ ਪ੍ਰਦਾਨ ਕੀਤਾ ਜਾ ਸਕਦਾ ਹੈ। Women's Aid ਦੀ 'ਖੁਲ੍ਹੇ ਦਰ' ਦੀ ਨੀਤੀ ਤੋਂ ਭਾਵ ਹੈ ਕਿ ਜੇ ਤੁਸੀਂ ਆਪਣੇ ਇਲਾਕੇ ਵਿਚ ਸੁਰੱਖਿਅਤ ਨਹੀਂ ਹੋ ਜਾਂ ਤੁਹਾਡੇ ਸਥਾਨਕ ਟਿਕਾਣੇ ਵਿਚ ਥਾਂ ਨਹੀਂ ਹੈ, ਤਾਂ ਤੁਸੀਂ ਬਰਤਾਨੀਆ ਵਿਚ ਕਿਸੇ ਵੀ ਜਗ੍ਹਾ ਦੇ ਟਿਕਾਣੇ 'ਤੇ ਜਾ ਸਕਦੇ ਹੋ। ਤੁਸੀਂ ਅਤੇ ਤੁਹਾਡੇ ਬਚੇ ਕਿਸੇ ਟਿਕਾਣੇ 'ਤੇ ਜਿੰਨਾ ਚਿਰ ਤੁਹਾਨੂੰ ਜ਼ਰੂਰਤ ਹੋਏ, ਰਹਿ ਸਕਦੇ ਹੋ।

ਆਪਣੇ ਸਥਾਨਕ ਗਰੁਪ ਨਾਲ, ਉਸਦੇ ਕੰਮ ਦੇ ਘੰਟਿਆਂ ਦੌਰਾਨ ਫ਼ੋਨ ਦੁਆਰਾ ਜਾਂ ਖ਼ੁਦ ਜਾ ਕੇ ਸੰਪਰਕ ਕਰੋ। ਤੁਹਾਨੂੰ ਉਸਦਾ ਫ਼ੋਨ ਨੰਬਰ ਅਤੇ ਪਤਾ ਫ਼ੋਨ ਪੁਸਤਕ ਵਿਚ ਮਿਲ ਜਾਏਗਾ। ਬਹੁਤ ਸਾਰੇ ਗਰੁੱਪਾਂ ਦੀ, ਕੰਮ ਦੇ ਘੰਟਿਆਂ ਤੋਂ ਬਾਅਦ ਹੰਗਾਮੀ ਹਾਲਤਾਂ ਲਈ ਆਨ-ਕਾਲ ਸੇਵਾ ਵੀ ਹੈ।

ਨੈਸ਼ਨਲ ਹੈਲਪਲਾਈਨ: 08457 023 468

ਵੈਬਸਾਈਟ : www.scottishwomensaid.co.uk

## ਬਲਾਤਕਾਰ ਸੰਕਟ **(Rape Crisis)**

ਸਕਾਟਲੈਂਡ ਵਿਚ ਬਲਾਤਕਾਰ ਸੰਕਟ ਸੰਬੰਧੀ ਸੈਂਟਰ, ਬਲਾਤਕਾਰ, ਲਿੰਗਕ ਹਮਲੇ ਜਾਂ ਲਿੰਗਕ ਸ਼ੋਸ਼ਣ ਦੇ ਪੀੜਤਾਂ ਨੂੰ ਸੂਚਨਾ ਅਤੇ ਸਮਰਥਨ ਪ੍ਰਦਾਨ ਕੀਤਾ ਜਾਂਦਾ ਹੈ। ਇਹ ਸੇਵਾ ਮੁਫ਼ਤ ਅਤੇ ਗੁਪਤ ਹੈ, ਅਤੇ ਤੁਹਾਨੂੰ ਉਨ੍ਹਾਂ ਦੇ ਨੰਬਰ ਫ਼ੋਨ ਪੁਸਤਕ ਵਿਚ ਮਿਲ ਜਾਣਗੇ।

## ਦਿ ਸੈਮੈਰੀਟਨਜ਼ **(The Samaritans)**

ਦਿ ਸੈਮੈਰੀਟਨਜ਼ ਇਕ ਕੌਮੀ ਚੈਰਿਟੀ ਹੈ, ਜੋ ਸੰਕਟ ਦਾ ਸਾਮ੍ਹਣਾ ਕਰ ਰਹੇ ਕਿਸੇ ਵੀ ਵਿਅਕਤੀ ਨੂੰ ਭਾਵਾਤਮਕ ਸਮਰਥਨ ਪ੍ਰਦਾਨ ਕਰਦੀ ਹੈ। 24 ਘੰਟੇ ਦੀ ਇਹ ਸੇਵਾ ਗੁਪਤ ਹੈ। ਉਨ੍ਹਾਂ ਨੇ ਇਕ ਆਸਾਨੀ ਨਾਲ ਯਾਦ ਰਖਿਆ ਜਾ ਸਕਣ ਵਾਲਾ ਅਤੇ ਘਟ ਖ਼ਰਚੇ ਵਾਲਾ ਨੰਬਰ (ਵੇਖੋ

ਹੇਠਾਂ) ਸ਼ੁਰੂ ਕੀਤਾ ਹੈ, ਪਰ ਤੁਸੀਂ ਜੇ ਚਾਹੋ, ਤਾਂ ਸਥਾਨਕ ਬ੍ਰਾਂਚ ਦੇ ਨੰਬਰ 'ਤੇ ਵੀ ਫ਼ੋਨ ਕਰ ਸਕਦੇ ਹੋ। ਤੁਹਾਨੂੰ ਇਹ ਨੰਬਰ ਆਪਣੀ ਸਥਾਨਕ ਫ਼ੋਨ ਪੁਸਤਕ ਵਿਚ ਮਿਲ ਜਾਏਗਾ।

ਨੈਸ਼ਨਲ ਹੈਲਪਲਾਈਨ : 08457 909090
ਈਮੇਲ : jo@samaritans.org
ਵੈਬਸਾਈਟ : www.samaritans.org.uk

### ਧਾਰਮਕ ਸੰਸਥਾਵਾਂ **(Religious organisations)**

ਧਾਰਮਕ ਵਿਸ਼ਵਾਸ ਲੋਕਾਂ ਨੂੰ ਲੋੜ ਦੀ ਘੜੀ ਵਿਚ ਰਾਹਤ ਪਹੁੰਚਾ ਸਕਦੇ ਹਨ, ਅਤੇ ਹੋ ਸਕਦਾ ਹੈ ਕਿ ਤੁਸੀਂ ਆਪਣੇ ਸਥਾਨਕ ਪੂਜਾ ਅਸਥਾਨ ਤੋਂ ਸਮਰਥਨ ਅਤੇ ਸਹਾਇਤਾ ਲੈਣੀ ਚਾਹੋ।

## ਸੋਗ ਦੇ ਸਮੇਂ ਲਈ ਸਹਾਇਤਾ ਸੰਸਥਾਵਾਂ

### ਕ੍ਰੂਸ ਬੀਰੀਵਮੈਂਟ ਕੇਅਰ **(Cruse Bereavement Care)**

ਕ੍ਰੂਸ ਬੀਰੀਵਮੈਂਟ ਕੇਅਰ ਇਕ ਸੁਤੰਤਰ ਸਵੈਇਛਕ ਚੈਰਿਟੀ ਹੈ, ਜੋ ਪ੍ਰਦਾਨ ਕਰਦੀ ਹੈ:

- ਮੌਤ ਤੋਂ ਪ੍ਰਭਾਵਤ ਕਿਸੇ ਵਿਅਕਤੀ ਨੂੰ ਮੁਫ਼ਤ ਸੂਚਨਾ ਅਤੇ ਸਲਾਹ
- ਇਕੱਲੇ ਇਕੱਲੇ ਵਿਅਕਤੀਆਂ ਅਤੇ ਗਰੁੱਪਾਂ ਨੂੰ ਸਮਝਾਉਣ ਬੁਝਾਉਣ ਦੀ ਮੁਫ਼ਤ ਅਤੇ ਗੁਪਤ ਸੇਵਾ
- ਸੋਗੀ ਪਰਿਵਾਰਾਂ ਨੂੰ ਸਮਰਥਨ ਦੇਣ ਵਾਲੇ ਵਿਅਕਤੀ ਨੂੰ ਸਿਖਿਆ, ਸਮਰਥਨ, ਸੂਚਨਾ ਅਤੇ ਪ੍ਰਕਾਸ਼ਨ

ਹੈਲਪਲਾਈਨ : 0870 167 1677

ਵੈਬਸਾਈਟ : www.crusebereavementcare.org.uk

ਈਮੇਲ : info@crusebereavementcare.org.uk

### ਸਮਲਿੰਗ ਭੋਗੀ ਔਰਤਾਂ ਅਤੇ ਮਰਦਾਂ ਲਈ ਸੋਗ ਦੇ ਸਮੇਂ ਲਈ ਪ੍ਰਾਜੈਕਟ

ਇਹ ਪ੍ਰਾਜੈਕਟ ਸਮਲਿੰਗ ਭੋਗੀ ਔਰਤਾਂ ਅਤੇ ਮਰਦਾਂ ਨੂੰ ਉਨ੍ਹਾਂ ਦੇ ਸਾਥੀ ਦੀ ਮੌਤ ਹੋ ਜਾਣ 'ਤੇ ਦੁਖ ਵੇਲੇ, ਜਾਂ ਸਮਲਿੰਗ ਭੋਗੀ ਔਰਤ ਜਾਂ ਮਰਦ ਦੀ ਮੌਤ ਹੋ ਜਾਣ 'ਤੇ ਕਿਸੇ ਵੀ ਸੋਗਵਾਰ ਵਿਅਕਤੀ ਨੂੰ ਗੁਪਤ ਕਾਉਂਸਲਿੰਗ ਸੇਵਾ ਪ੍ਰਦਾਨ ਕਰਦਾ ਹੈ।

ਫ਼ੋਨ ਨੰਬਰ : 0208 455 8894

## ਸਵੈ-ਸਹਾਇਤਾ ਗਰੁੱਪ

### ਐਫ.ਓ.ਐਮ.ਸੀ **(FOMC)**

ਐਫ.ਓ.ਐਮ.ਸੀ (ਕਤਲ ਹੋਏ ਬਚਿਆਂ ਦੇ ਪਰਿਵਾਰ) ਇਕ ਸਵੈ-ਸਹਾਇਤਾ ਗਰੁੱਪ ਹੈ, ਜੋ ਅਜਿਹੇ ਵਿਅਕਤੀ ਨੂੰ ਵਿਹਾਰਕ ਅਤੇ ਭਾਵਾਤਮਕ ਸਮਰਥਨ ਪ੍ਰਦਾਨ ਕਰਦਾ ਹੈ, ਜਿਸਦੇ ਪਰਿਵਾਰ ਦੇ ਕਿਸੇ ਜੀਅ ਦਾ ਕਤਲ ਹੋ ਗਿਆ ਹੋਵੇ। ਕਿਉਂਕਿ ਇਸ ਗਰੁਪ ਦੇ ਵਿਵਸਾਇਕ ਕੌਂਸਲਿੰਗ ਏਜੰਸੀਆਂ ਨਾਲ ਅਤੇ ਸਥਾਨਕ ਸਿਹਤ ਅਧਿਕਾਰੀਆਂ ਨਾਲ ਸੰਪਰਕ ਹਨ, ਇਸਲਈ ਇਹ ਆਪਣੇ ਮੈਂਬਰਾਂ ਨੂੰ ਬਹੁਤ ਤਰ੍ਹਾਂ ਦੀਆਂ ਸੇਵਾਵਾਂ ਮੁਹੱਈਆ ਕਰ ਸਕਦਾ ਹੈ।

ਹੈਲਪਲਾਈਨ : 01698 336646

ਵੈਬਸਾਈਟ : www.fomc.fslife.co.uk

## ਪੀ.ਈ.ਟੀ.ਏ.ਐਲ **(PETAL)**

ਪੀ.ਈ.ਟੀ.ਏ.ਐਲ (ਸਦਮਾ ਅਤੇ ਦੁਖ ਭੋਗ ਰਹੇ ਵਿਅਕਤੀ) ਉਨ੍ਹਾਂ ਵਿਅਕਤੀਆਂ ਵਲੋਂ ਚਲਾਈ ਜਾਂਦੀ ਇਕ ਸੰਸਥਾ ਹੈ, ਜਿਨ੍ਹਾਂ ਦੇ ਕਿਸੇ ਪਿਆਰੇ ਜੀਅ ਦੀ ਹਤਿਆ ਹੋ ਗਈ ਹੋਏ। ਇਹ ਉਨ੍ਹਾਂ ਸੋਗਵਾਰਾਂ ਨੂੰ ਮੁਫ਼ਤ ਅਤੇ ਗੁਪਤ ਸਹਾਇਤਾ ਪ੍ਰਦਾਨ ਕਰਦੀ ਹੈ, ਜਿਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਮਿੱਤਰ ਦਾ ਕਤਲ ਹੋ ਗਿਆ ਹੋਵੇ।

ਫ਼ੋਨ ਨੰਬਰ : 01698 324502

ਵੈਬਸਾਈਟ : www.petal-support-group.org.uk

## ਰੋਡ ਪੀਸ **(RoadPeace)**

ਰੋਡ ਪੀਸ ਸੜਕ ਹਾਦਸਿਆਂ ਦੇ ਪੀੜਤਾਂ ਲਈ ਇਕ ਕੌਮੀ ਚੈਰਿਟੀ ਹੈ, ਅਤੇ ਇਹ ਸੜਕ ਹਾਦਸਿਆਂ ਵਿਚ ਮਾਰੇ ਗਏ ਵਿਅਕਤੀਆਂ ਦੇ ਸੋਗਵਾਰਾਂ ਨੂੰ ਜਾਂ ਅਜਿਹੇ ਹਾਦਸਿਆਂ ਵਿਚ ਜ਼ਖ਼ਮੀ ਹੋਣ ਵਾਲਿਆਂ ਨੂੰ ਭਾਵਾਤਮਕ ਅਤੇ ਵਿਹਾਰਕ ਸਮਰਥਨ ਦੇ ਸਕਦੀ ਹੈ।

ਸਪੋਰਟ ਲਾਈਨ : 0208 964 1021

ਫ਼ੋਨ ਨੰਬਰ : 0208 838 5102

ਵੈਬਸਾਈਟ : www.roadpeace.org.uk

ਈਮੇਲ : info@roadpeace.org.uk

## ਦਿ ਕੰਪੈਸ਼ਨੇਟ ਫ਼ਰੈਂਡਜ਼ (ਟੀ.ਸੀ.ਐਫ – **TCF**)

ਟੀ.ਸੀ.ਐਫ ਸੋਗਵਾਰ ਮਾਪਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਲੋਂ ਚਲਾਈ ਜਾਂਦੀ ਸੰਸਥਾ ਹੈ। ਇਹ ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਜਾਂ ਬੱਚਿਆਂ ਦੀ ਮੌਤ ਤੋਂ ਬਾਅਦ ਸੂਝਬੂਝ ਅਤੇ ਸਮਰਥਨ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਹੌਂਸਲਾ ਦਿਵਾਉਂਦੀ ਹੈ। ਇਹ ਸੋਗਵਾਰ ਮਾਪਿਆਂ ਦੀ ਸਹਾਇਤਾ ਕਰਨ

ਵਾਲੇ ਰਿਸ਼ਤੇਦਾਰਾਂ, ਮਿਤਰਾਂ ਅਤੇ ਵਿਵਸਾਇਕਾਂ ਨੂੰ ਸਮਰਥਨ, ਸਲਾਹ ਅਤੇ ਸੂਚਨਾ ਉਪਲਬਧ ਕਰਾਉਂਦੀ ਹੈ।

ਫ਼ੋਨ ਨੰਬਰ : 0117 953 9639
ਵੈਬਸਾਈਟ : www.tcf.org.uk
ਈਮੇਲ : info@tcf.org.uk

## ਕਾਨੂੰਨੀ ਲਾਭ ਸਹਾਇਤਾ ਅਤੇ ਹੋਰ ਸਲਾਹ

### ਦਿ ਬੈਨੀਫ਼ਿਟ ਏਜੰਸੀ **(The Benefit Agency)**

ਦਿ ਬੈਨੀਫ਼ਿਟ ਏਜੰਸੀ ਨਵੇਂ ਸੋਗਵਾਰ ਲੋਕਾਂ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਹੈ। ਸੋਗ ਸੰਬੰਧੀ ਅਧਿਕਾਰੀ ਤੁਹਾਨੂੰ ਇਹ ਪਤਾ ਲਾਉਣ ਵਿਚ ਮਦਦ ਦੇ ਸਕਦੇ ਹਨ, ਕਿ ਕੀ ਤੁਹਾਨੂੰ ਨਵੇਂ ਹਾਲਾਤ ਵਿਚ ਕੋਈ ਲਾਭ ਸਹਾਇਤਾ ਜਿਵੇਂ ਕਿ ਸੋਗ ਲਾਭ ਸਹਾਇਤਾ ਮਿਲ ਸਕਦੀ ਹੈ। ਘਰਾਂ ਵਿਚ ਫੇਰੀ ਪਾਉਣ ਵਾਲਿਆਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

ਫ਼ੋਨ ਨੰਬਰ : 0131 229 4311
ਵੈਬਸਾਈਟ : www.dss.gov.uk

### ਨਾਗਰਿਕ ਸਲਾਹ ਬਿਉਰੋ (ਕੈਬ - **CAB**)

ਨਾਗਰਿਕ ਸਲਾਹ ਬਿਉਰੋਆਂ ਵਲੋਂ ਕਾਨੂੰਨੀ ਮਾਮਲਿਆਂ ਦੇ ਸੰਬੰਧ ਵਿਚ ਮੁਫ਼ਤ, ਸੁਤੰਤਰ, ਗੁਪਤ ਅਤੇ ਨਿਰਪਖ ਸਲਾਹ ਅਤੇ ਸਹਾਇਤਾ ਦਿਤੀ ਜਾਂਦੀ ਹੈ। ਸਕਾਟਲੈਂਡ ਵਿਚ 70 ਤੋਂ ਵਧ ਕੈਬ ਦਫ਼ਤਰ ਅਤੇ 190 ਕੈਬ ਸੇਵਾ ਸਥਾਨ ਹਨ। ਕੈਬ ਤੁਹਾਡੀ ਸਮਸਿਆ ਦੇ ਸੰਬੰਧ ਵਿਚ ਹੋਰ ਸਹਾਇਤਾ ਲਈ ਤੁਹਾਨੂੰ ਸਥਾਨਕ ਸਾਲਿਸਿਟਰਾਂ ਜਾਂ ਕਾਨੂੰਨ ਸੰਬੰਧੀ ਸਲਾਹ ਦੇਣ ਵਾਲੀਆਂ ਸਥਾਨਕ ਸੰਸਥਾਵਾਂ ਕੋਲ ਭੇਜ ਸਕਦਾ ਹੈ। ਤੁਸੀਂ ਆਪਣੇ ਸਥਾਨਕ ਦਫ਼ਤਰ ਦਾ ਪਤਾ ਅਤੇ ਫ਼ੋਨ ਨੰਬਰ ਫ਼ੋਨ ਪੁਸਤਕ ਵਿਚ ਦੇਖ ਸਕਦੇ ਹੋ।

ਵੈਬਸਾਈਟ : www.nacab.org.uk

### ਸਕਾਟਲੈਂਡ ਦੀ ਲਾਅ ਸੋਸਾਇਟੀ (ਦਿ ਲਾਅ ਸੋਸਾਇਟੀ ਆਫ਼ ਸਕਾਟਲੈਂਡ)

ਸਾਰੇ ਸਕਾਟਿਸ਼ ਸਾਲਿਸਿਟਰ ਇਸ ਵਿਵਸਾਇਕ ਸੰਸਥਾ ਨਾਲ ਸੰਬੰਧਤ ਹਨ। ਇਹ ਤੁਹਾਡੇ ਇਲਾਕੇ ਦੇ ਸਾਲਿਸਿਟਰਾਂ ਦੇ ਵੇਰਵੇ ਤੁਹਾਨੂੰ ਦੇ ਸਕਦੀ ਹੈ।

ਫ਼ੋਨ ਨੰਬਰ : 0131 226 7411

ਵੈਬਸਾਈਟ : www.lawscot.org.uk

ਈਮੇਲ :lawscot@lawscot.org.uk

### ਸਮਲਿੰਗ ਭੋਗੀ ਇਸਤਰੀਆਂ ਅਤੇ ਮਰਦਾਂ ਲਈ ਸਵਿਚਬੋਰਡ **(Lesbian & Gay Switchboard)**

ਸਹਾਇਤਾ, ਸੂਚਨਾ, ਸਲਾਹ ਅਤੇ ਸਮਰਥਨ ।

ਫ਼ੋਨ : ਐਬਰਡੀਨ 01224 212600

ਐਡਨਬਰਾ 0131 556 4049

ਗਲਾਸਗੋ 0141 331 8327

### ਨਸਲੀ ਸਮਾਨਤਾ ਕੌਂਸਲ (ਆਰ.ਈ.ਸੀ.) **[Racial Equality Council (REC)]**

ਤੁਹਾਡੀ ਕਮਿਊਨਿਟੀ ਦੀ ਆਰ.ਈ.ਸੀ. ਨਸਲੀ ਬਰਾਬਰੀ ਨੂੰ ਪ੍ਰੋਤਸਾਹਨ ਦਿੰਦੀ ਹੈ। ਇਹ ਉਨਾਂ ਵਿਅਕਤੀਆਂ ਨੂੰ ਸੂਚਨਾ ਅਤੇ ਸਲਾਹ ਪ੍ਰਦਾਨ ਕਰਦੀ ਹੈ, ਜੋ ਸਮਝਦੇ ਹਨ ਕਿ ਉਨ੍ਹਾਂ ਨਾਲ ਨਸਲ ਦੇ ਆਧਾਰ 'ਤੇ ਵਿਤਕਰਾ ਹੋਇਆ ਹੈ, ਜਾਂ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਹੈ।

ਆਪਣੀ ਸਥਾਨਕ ਆਰ.ਈ.ਸੀ. ਦਾ ਪਤਾ ਲਾਉਣ ਲਈ ਨਸਲੀ ਬਰਾਬਰੀ ਸੰਬੰਧੀ ਕਮਿਸ਼ਨ ਨੂੰ ਇਸ ਨੰਬਰ 'ਤੇ ਫ਼ੋਨ ਕਰੋ : 0131 240 2600

ਵੈਬਸਾਈਟ : www.cre.gov.uk/about/recs.html

### ਮੁਆਵਜ਼ਾ

### ਅਪਰਾਧਕ ਕੇਸਾਂ ਵਿਚ ਸੱਟਾਂ ਲਈ ਮੁਆਵਜ਼ਾ ਅਥਾਰਿਟੀ (ਸੀ.ਆਈ.ਸੀ.ਏ.) **[The Criminal Injuries Compensation Authority (CICA)]**

ਤੁਹਾਨੂੰ ਸੀ.ਆਈ.ਸੀ.ਏ. ਤੋਂ ਮਾਲੀ ਮੁਆਵਜ਼ਾ ਮਿਲ ਸਕਦਾ ਹੈ, ਜੇਕਰ ਤੁਸੀਂ:

- ਹਿੰਸਾਪੂਰਨ ਅਪਰਾਧ ਦੇ ਪੀੜਤ ਹੋ, ਜਾਂ

- ਕਿਸੇ ਅਜਿਹੇ ਵਿਅਕਤੀ ਦੇ ਆਸ਼੍ਰਿਤ ਜਾਂ ਰਿਸ਼ਤੇਦਾਰ ਹੋ, ਜਿਸਦੀ ਮੌਤ ਅਪਰਾਧਕ ਕੇਸ ਵਿਚ ਜ਼ਖ਼ਮੀ ਹੋਣ ਕਾਰਨ ਹੋਈ ਹੋਵੇ, ਜਾਂ ਜੋ ਕਿਸੇ ਅਪਰਾਧਕ ਕੇਸ ਵਿਚ ਜ਼ਖ਼ਮੀ ਹੋਇਆ ਹੋਵੇ ਪਰ ਉਸਦੀ ਮੌਤ ਦਾ ਕਾਰਨ ਕੁਝ ਹੋਰ ਹੋਵੇ।

ਸੀ.ਆਈ.ਸੀ.ਏ. ਨਿਮਨਲਿਖਿਤ ਲਈ ਮੁਆਵਜ਼ਾ ਦੇ ਸਕਦੀ ਹੈ:

- ਸਰੀਰਕ ਜਾਂ ਮਾਨਸਿਕ ਸੱਟ ਲਈ ਹੋਣ ਵਾਲਾ ਡਾਕਟਰੀ ਖ਼ਰਚ
- ਕਮਾਈ ਦਾ ਨੁਕਸਾਨ
- ਮਿਰਤਕ ਵਿਅਕਤੀ ਦੇ ਆਸ਼੍ਰਿਤਾਂ ਦਾ ਸਮਰਥਨ ਖੁਸ ਜਾਣਾ
- ਅੰਤਮ ਸੰਸਕਾਰ ਦਾ ਖ਼ਰਚ
- ਸਫ਼ਰ ਦਾ ਖ਼ਰਚ
- ਅਸਮਰਥ ਪੀੜਤਾਂ ਦਾ ਮੁੜ ਵਸੇਬਾ
- ਦਰਦ ਅਤੇ ਤਕਲੀਫ਼
- ਸੋਗ
- ਪਿਤਰੀ ਸੇਵਾਵਾਂ ਤੋਂ ਵਿਰਵਾ ਹੋ ਜਾਣਾ

500,000 ਪੌਂਡ ਤਕ ਦੀ ਰਕਮ ਦਿਤੀ ਜਾ ਸਕਦੀ ਹੈ।

### ਕਾਰਜ ਵਿਧੀ

ਤੁਸੀ ਅਰਜ਼ੀ ਦਾ ਫ਼ਾਰਮ ਨਿਮਨਲਿਖਿਤ ਤੋਂ ਪ੍ਰਾਪਤ ਕਰ ਸਕਦੇ ਹੋ:

- ਪੁਲੀਸ ਸਟੇਸ਼ਨਾਂ ਤੋਂ
- ਹਸਪਤਾਲਾਂ ਤੋਂ
- ਪੀੜਤਾਂ ਦੇ ਸਮਰਥਨ ਲਈ ਸਥਾਨਕ ਸਕੀਮਾਂ ਤੋਂ
- ਗਵਾਹ ਸੇਵਾ ਤੋਂ
- ਸਥਾਨਕ ਨਾਗਰਿਕ ਸਲਾਹ ਬਿਉਰੋਆਂ ਤੋਂ
- ਅਪਰਾਧਕ ਕੇਸਾਂ ਵਿਚ ਸੱਟਾਂ ਲਈ ਮੁਆਵਜ਼ਾ ਅਥਾਰਿਟੀ (ਸੀ.ਆਈ.ਸੀ.ਏ.) ਤੋਂ

ਜਾਂ ਤੁਸੀਂ ਵੈਬਸਾਈਟ : www.cica.gov.uk ਤੋਂ ਫ਼ਾਰਮ ਡਾਉਨਲੋਡ ਕਰ ਸਕਦੇ ਹੋ ਜਾਂ ਆਨਲਾਈਨ ਦਰਖ਼ਾਸਤ ਦੇ ਸਕਦੇ ਹੋ।

ਵਿਕਟਿਮ ਸਪੋਰਟ ਸਕਾਟਲੈਂਡ ਵਲੋਂ ਤੁਹਾਨੂੰ ਫ਼ਾਰਮ ਭਰਣ ਵਿਚ ਸਹਾਇਤਾ ਦਿਤੀ ਜਾ ਸਕਦੀ ਹੈ।

ਅਰਜ਼ੀ ਦਾ ਫ਼ਾਰਮ ਭਰਕੇ ਨਿਮਨਲਿਖਿਤ ਨੂੰ ਭੇਜਿਆ ਜਾਣਾ ਚਾਹੀਦਾ ਹੈ:
ਦਿ ਕ੍ਰਿਮੀਨਲ ਇੰਜਰੀਜ਼ ਕੰਪਨਸੇਸ਼ਨ ਅਥਾਰਿਟੀ (ਸੀ.ਆਈ.ਸੀ.ਏ) [The Criminal Injuries Compensation Authority (CICA)]
Tay House
300 Bath Street
Glasgow G2 4JR

ਫ੍ਰੀ ਫ਼ੋਨ: 0800 358 3601

ਤੁਹਾਨੂੰ ਸੀ.ਆਈ.ਸੀ.ਏ. ਤੋਂ 12 ਮਹੀਨਿਆਂ ਦੇ ਅੰਦਰ ਅੰਦਰ ਮੁਢਲਾ ਫ਼ੈਸਲਾ ਮਿਲ ਜਾਣਾ ਚਾਹੀਦਾ ਹੈ, ਅਤੇ ਨਜ਼ਰਸਾਨੀ ਅਤੇ ਸੁਣਵਾਈਆਂ 'ਤੇ ਜ਼ਿਆਦਾ ਵਕਤ ਲਗ ਸਕਦਾ ਹੈ। ਜਿਉਂ ਹੀ ਤੁਸੀਂ ਸੀ.ਆਈ.ਸੀ.ਏ. ਨੂੰ ਸੂਚਿਤ ਕਰੋਗੇ ਕਿ ਤੁਹਾਨੂੰ ਫ਼ੈਸਲਾ ਮਨਜ਼ੂਰ ਹੈ, ਤੁਹਾਨੂੰ ਮੁਆਵਜ਼ਾ ਅਦਾ ਕਰ ਦਿਤਾ ਜਾਏਗਾ।

## ਹੰਗਾਮੀ ਰਕਮਾਂ

ਮੁਆਵਜ਼ੇ ਦੀ ਅੰਤਮ ਰਕਮ ਦਾ ਫ਼ੈਸਲਾ ਨਾਂਹ ਹੋਣ ਦੀ ਹਾਲਤ ਵਿਚ ਸੀ.ਆਈ.ਸੀ.ਏ. ਅੰਤਰਮ ਅਦਾਇਗੀਆਂ ਕਰ ਸਕਦੀ ਹੈ। ਮਿਸਾਲ ਵਜੋਂ ਜੇ ਪੀੜਤ ਦਾ ਡਾਕਟਰੀ ਪੂਰਵ ਅਨੁਮਾਨ ਅਜੇ ਸਪਸ਼ਟ ਨਾਂਹ ਹੋਵੇ, ਤਾਂ ਵੀ ਅਜਿਹੀ ਅਦਾਇਗੀ ਕੀਤੀ ਜਾ ਸਕਦੀ ਹੈ।

## ਅਦਾਲਤਾਂ ਦੁਆਰਾ ਮੁਆਵਜ਼ਾ

ਜੇ ਤੁਹਾਡਾ ਕੇਸ ਅਦਾਲਤ ਵਿਚ ਪੇਸ਼ ਹੁੰਦਾ ਹੈ ਅਤੇ ਮੁਲਜ਼ਿਮ ਤੁਹਾਡੇ ਵਿਰੁਧ ਜੁਰਮ ਦਾ ਦੋਸ਼ੀ ਸਾਬਤ ਹੁੰਦਾ ਹੈ, ਤਾਂ ਅਦਾਲਤ ਉਸਨੂੰ, ਜੁਰਮ ਦੇ ਨਤੀਜੇ ਵਜੋਂ ਤੁਹਾਨੂੰ ਹੋਏ ਕਿਸੇ ਨੁਕਸਾਨ ਜਾਂ ਲਗੀ ਸੱਟ ਬਦਲੇ ਮੁਆਵਜ਼ਾ ਅਦਾ ਕਰਨ ਦਾ ਆਦੇਸ਼ ਦੇ ਸਕਦੀ ਹੈ।

ਅਦਾ ਕੀਤੀ ਜਾਣ ਵਾਲੀ ਰਕਮ ਦਾ ਫ਼ੈਸਲਾ ਜੱਜ ਜਾਂ ਸ਼ੈਰਿਫ਼ ਵਲੋਂ ਸਜ਼ਾ ਸੁਣਾਏ ਜਾਣ ਵੇਲੇ ਕੀਤਾ ਜਾਂਦਾ ਹੈ, ਅਤੇ ਇਸਦਾ ਫ਼ੈਸਲਾ ਕਰਨ ਲਗਿਆਂ ਦੋਸ਼ੀ ਦੇ ਮਾਲੀ ਹਾਲਾਤ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਮੁਲਜ਼ਿਮ ਮੁਆਵਜ਼ੇ ਦੀ ਰਕਮ ਅਦਾਲਤ ਨੂੰ ਦਿੰਦਾ ਹੈ, ਅਤੇ ਉਹ ਅਗੋਂ ਇਹ ਰਕਮ ਤੁਹਾਨੂੰ ਅਦਾ ਕਰਦੀ ਹੈ।